# ਓਵਰਲੇਜ਼:
# ਕਿਵੇਂ ਕਰਨਾ ਹੈ ਅਤੇ ਡੇਟਾ ਦੇ ਸਰੋਤ

## *Washington Environmental Health Disparities (EHD) ਦਾ ਨਕਸ਼ਾ*

## ਪਿਛੋਕੜ

ਉਹ ਥਾਵਾਂ ਜਿੱਥੇ ਅਸੀਂ ਰਹਿੰਦੇ, ਕੰਮ ਕਰਦੇ ਅਤੇ ਖੇਡਦੇ ਹਾਂ, ਸਾਡੀ ਸਿਹਤ ਨੂੰ ਪ੍ਰਭਾਵਿਤ ਕਰਦੀਆਂ ਹਨ — ਜਿਵੇਂ ਸਾਡਾ ਸਮਾਜਿਕ ਵਾਤਾਵਰਣ ਵੀ ਕਰਦਾ ਹੈ। ਇਹ ਕਾਰਕ ਆਪਸ ਵਿੱਚ ਮਿਲਕੇ ਕੰਮ ਕਰਦੇ ਹਨ ਅਤੇ ਇੱਕ ਦੂਜੇ ਉੱਤੇ ਪ੍ਰਭਾਵ ਪਾਉਂਦੇ ਹਨ। ਪ੍ਰਦੂਸ਼ਣ, ਨਸਲਵਾਦ, ਬਸਤੀਵਾਦ, ਰਹਿਣ-ਸਹਿਣ ਦਾ ਖਰਚਾ ਅਤੇ ਪਹਿਲਾਂ ਤੋਂ ਮੌਜੂਦ ਸਿਹਤ ਸੰਬੰਧੀ ਸਮੱਸਿਆਵਾਂ ਇਕੱਠੀਆਂ ਹੋ ਕੇ ਹਾਲਾਤ ਨੂੰ ਹੋਰ ਵੀ ਖਰਾਬ ਕਰ ਸਕਦੀਆਂ ਹਨ।

Environmental Health Disparities (EHD, ਵਾਤਾਵਰਣ ਸੰਬੰਧੀ ਸਿਹਤ ਅਸਮਾਨਤਾਵਾਂ) ਦੇ ਨਕਸ਼ੇ ਦਾ ਮੁੱਖ ਟੀਚਾ ਵਾਤਾਵਰਣ ਸੰਬੰਧੀ ਸਿਹਤ ਖਤਰਿਆਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਭਾਈਚਾਰਿਆਂ ਦੀ ਪਛਾਣ ਕਰਨਾ ਹੈ। ਇਹ ਟੂਲ ਜਨਗਣਨਾ ਖੇਤਰ ਅਨੁਸਾਰ ਇਹਨਾਂ ਖਤਰਿਆਂ ਨੂੰ ਰੈਂਕ ਦਿੰਦਾ ਹੈ ਅਤੇ ਪ੍ਰਦੂਸ਼ਣ ਦੇ ਕੁੱਲ ਪ੍ਰਭਾਵਾਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਭਾਈਚਾਰਿਆਂ ਨੂੰ ਉਜਾਗਰ ਕਰਦਾ ਹੈ। ਇਹ ਜਨਗਣਨਾ ਖੇਤਰ ਅਨੁਸਾਰ ਵਾਤਾਵਰਣ ਸੰਬੰਧੀ ਸਿਹਤ ਉਪਾਵਾਂ ਦੀ ਵੀ ਪਛਾਣ ਕਰਦਾ ਹੈ — ਜਿਸ ਨਾਲ ਭਾਈਚਾਰਿਆਂ, ਨੀਤੀ-ਨਿਰਧਾਰਕਾਂ, ਸਰਕਾਰੀ ਨੇਤਾਵਾਂ ਅਤੇ ਹੋਰਾਂ ਲਈ ਡੇਟਾ-ਆਧਾਰਿਤ ਜਾਣਕਾਰੀਆਂ ਪ੍ਰਦਾਨ ਹੁੰਦੀਆਂ ਹਨ।

ਓਵਰਲੇਅ ਉਪਾਵਾਂ ਤੋਂ ਵੱਖਰੇ ਹਨ। ਇਹ ਡੇਟਾ ਲੇਅਰ ਹੁੰਦੇ ਹਨ ਜੋ ਨਕਸ਼ੇ ਵਿੱਚ ਵਾਧੂ ਸੰਦਰਭ ਅਤੇ ਦ੍ਰਿਸ਼ਟੀਗਤ ਸਹਾਇਤਾ ਪ੍ਰਦਾਨ ਕਰਨ ਲਈ ਸ਼ਾਮਲ ਕੀਤੇ ਜਾ ਸਕਦੇ ਹਨ। ਇਹ ਕਿਸੇ ਭਾਈਚਾਰੇ ਦੇ ਵਾਤਾਵਰਣ ਸੰਬੰਧੀ ਸਿਹਤ ਖਤਰਿਆਂ ਦੇ ਸਕੋਰ ਵਿੱਚ ਯੋਗਦਾਨ ਨਹੀਂ ਪਾਉਂਦੇ ਹਨ।




EHD ਨਕਸ਼ੇ 'ਤੇ 20 ਤੋਂ ਵੱਧ ਓਵਰਲੇਅ ਹਨ। ਕੁਝ ਭਾਈਵਾਲ ਸੰਸਥਾਵਾਂ ਵੱਲੋਂ ਦਿੱਤੇ ਗਏ ਡੇਟਾ ਦੀ ਵਰਤੋਂ ਕਰਦੇ ਹਨ, ਜਿਸਦਾ ਮਤਲਬ ਹੈ ਕਿ ਉਹ ਅੱਪਡੇਟ ਭਾਈਵਾਲਾਂ ਦੇ ਜਾਰੀ ਕਰਨ ਦੇ ਸਮਾਂ-ਸਾਰਣੀ 'ਤੇ ਨਿਰਭਰ ਕਰਦੇ ਹਨ। Department of Health (DOH, ਸਿਹਤ ਵਿਭਾਗ) ਹੋਰ ਓਵਰਲੇਜ਼ ਦਾ ਪ੍ਰਬੰਧ ਕਰਦਾ ਹੈ। DOH ਉਨ੍ਹਾਂ ਨੂੰ ਘੱਟੋ-ਘੱਟ ਹਰ 3 ਸਾਲਾਂ ਵਿੱਚ ਇੱਕ ਵਾਰ ਅੱਪਡੇਟ ਕਰਦਾ ਹੈ ਜਦੋਂ ਨਕਸ਼ੇ ਦਾ ਨਵਾਂ ਸੰਸਕਰਣ ਪ੍ਰਕਾਸ਼ਿਤ ਹੁੰਦਾ ਹੈ।

ਓਵਰਲੇਜ਼ ਤੱਕ ਪਹੁੰਚ ਕਰਨ ਲਈ EHD ਨਕਸ਼ੇ ਦੇ ਟੂਲ ਵਿੱਚ ਨੀਲੀ Overlays (ਓਵਰਲੇਜ਼) ਬਾਰ ਨੂੰ ਚੁਣੋ। ਫਿਰ ਓਵਰਲੇਅ ਦੇ ਨਾਲ ਵਾਲੇ ਬਾਕਸ ਨੂੰ ਚੈੱਕ ਕਰੋ ਜਿਸਨੂੰ ਤੁਸੀਂ ਦੇਖਣਾ ਚਾਹੁੰਦੇ ਹੋ। ਹੇਠਾਂ ਦਿੱਤੇ ਉਦਾਹਰਨ ਵਿੱਚ ਅਸੀਂ Airport Runways (ਹਵਾਈ ਅੱਡਿਆਂ ਦੇ ਰਨਵੇ) ਨੂੰ ਚੁਣਿਆ ਹੈ।

ਜੇਕਰ ਤੁਸੀਂ ਓਵਰਲੇਅ ਗ੍ਰਾਫਿਕ (ਜਿਵੇਂ ਕਿ ਹੇਠਾਂ ਦਿਖਾਈ ਗਈ ਹਰੀ ਲਾਈਨ) 'ਤੇ ਸਿੱਧਾ ਕਲਿੱਕ ਕਰਦੇ ਹੋ, ਤਾਂ ਵਧੇਰੇ ਜਾਣਕਾਰੀ ਦੇ ਨਾਲ ਇੱਕ ਪੌਪ-ਅੱਪ ਦਿਖਾਈ ਦੇਵੇਗਾ।







ਤੁਸੀਂ ਓਵਰਲੇਅ ਨਾਮ ਦੇ ਅੱਗੇ ਤਿੰਨ ਬਿੰਦੂਆਂ 'ਤੇ ਕਲਿੱਕ ਕਰਕੇ ਵੱਖ-ਵੱਖ ਫਾਰਮੈਟਸ ਵਿੱਚ ਡੇਟਾ ਡਾਊਨਲੋਡ ਕਰ ਸਕਦੇ ਹੋ (ਜਿਵੇਂ ਕਿ ਖੱਬੇ ਪਾਸੇ ਤਸਵੀਰ ਵਿੱਚ ਦਿਖਾਇਆ ਗਿਆ ਹੈ)। ਤੁਸੀਂ ਪੌਪ-ਅੱਪ ਦੇ ਹੇਠਾਂ "Click here to explore the data source (ਡੇਟਾ ਸਰੋਤ ਦੀ ਜਾਂਚ ਕਰਨ ਲਈ ਇੱਥੇ ਕਲਿੱਕ ਕਰੋ)" ਚੁਣ ਕੇ ਹਰੇਕ ਓਵਰਲੇਅ ਬਾਰੇ ਹੋਰ ਜਾਣਕਾਰੀ ਵੀ ਲੈ ਸਕਦੇ ਹੋ।

ਓਵਰਲੇਜ਼ ਬਾਰੇ ਸਹਾਇਤਾ ਜਾਂ ਸਵਾਲਾਂ ਲਈ, ਕਿਰਪਾ ਕਰਕੇ EHD ਨਕਸ਼ੇ ਦੀ ਟੀਮ ਨਾਲ ehdmap@doh.wa.gov 'ਤੇ ਸੰਪਰਕ ਕਰੋ।

# ਓਵਰਲੇਅ ਡੇਟਾ ਦੀ ਜਾਣਕਾਰੀ

## ਹਵਾਈ ਅੱਡੇ ਦੇ ਰਨਵੇ

**ਵੇਰਵਾ**

ਇਹ ਓਵਰਲੇਅ ਸਾਰੇ ਅਧਿਕਾਰਤ ਅਤੇ ਚੱਲ ਰਹੇ ਹਵਾਈ ਅੱਡਿਆਂ ਲਈ ਰਨਵੇ ਦਰਸਾਉਂਦਾ ਹੈ। ਇਹ National Transportation Atlas Database (ਰਾਸ਼ਟਰੀ ਆਵਾਜਾਈ ਐਟਲਸ ਡੇਟਾਬੇਸ) ਦੇ ਹਵਾਈ ਅੱਡਿਆਂ ਦੇ ਡੇਟਾਸੈੱਟ ਤੋਂ ਡੇਟਾ ਵਰਤਦਾ ਹੈ। ਇਹ ਭੂ-ਸਥਾਨਕ ਡੇਟਾ Federal Aviation Administration (FAA, ਫੈਡਰਲ ਏਵੀਏਸ਼ਨ ਪ੍ਰਸ਼ਾਸਨ) ਦੇ National Airspace System Resource Aeronautical Data (ਰਾਸ਼ਟਰੀ ਏਅਰਸਪੇਸ ਸਿਸਟਮ ਰਿਸੋਰਸ ਐਰੋਨਾਟਿਕਲ ਡੇਟਾ) ਤੋਂ ਆਉਂਦਾ ਹੈ।

**ਡੇਟਾ ਸਰੋਤ**

ਹਵਾਈ ਅੱਡੇ ਦੇ ਰਨਵੇਜ਼, U.S. Department of Transportation Statistics (ਅਮਰੀਕਾ ਆਵਾਜਾਈ ਵਿਭਾਗ ਦੇ ਅੰਕੜੇ) (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਸ਼ਹਿਰ ਦੀਆਂ ਸੀਮਾਵਾਂ

**ਵੇਰਵਾ**

ਇਹ ਓਵਰਲੇਅ ਵਾਸ਼ਿੰਗਟਨ ਰਾਜ ਵਿੱਚ ਸ਼ਾਮਲ ਕੀਤੀਆਂ ਨਗਰ ਪਾਲਿਕਾਵਾਂ ਦੀਆਂ ਸੀਮਾਵਾਂ ਨੂੰ ਦਰਸਾਉਂਦਾ ਹੈ। ਇਹ ਡੇਟਾ Washington State Office of Financial Management (ਵਾਸ਼ਿੰਗਟਨ ਰਾਜ ਦੇ ਵਿੱਤੀ ਪ੍ਰਬੰਧਨ ਦਫ਼ਤਰ) ਵੱਲੋਂ ਦਰਜ ਕੀਤਾ ਜਾਂਦਾ ਹੈ।

**ਡੇਟਾ ਸਰੋਤ**

ਸ਼ਹਿਰ ਦੀਆਂ ਸੀਮਾਵਾਂ, Washington State Department of Transportation (WSDOT, ਵਾਸ਼ਿੰਗਟਨ ਰਾਜ ਆਵਾਜਾਈ ਵਿਭਾਗ) Geospatial Open Data Portal (ਭੂ-ਸਥਾਨਕ ਓਪਨ ਡੇਟਾ ਪੋਰਟਲ) (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਸਫਾਈ ਵਾਲੀਆਂ ਸਾਈਟਾਂ

**ਵੇਰਵਾ**

ਇਹ ਓਵਰਲੇਅ ਉਨ੍ਹਾਂ ਸਥਾਨਾਂ ਨੂੰ ਦਰਸਾਉਂਦਾ ਹੈ, ਜਿੱਥੇ Department of Ecology (ਵਾਤਾਵਰਣ ਵਿਭਾਗ) ਵੱਲੋਂ ਜਾਇਦਾਦਾਂ ਨੂੰ ਦੂਸ਼ਣ-ਮੁਕਤ ਕੀਤਾ ਜਾ ਰਿਹਾ ਹੈ। ਸਫਾਈ ਪ੍ਰੋਜੈਕਟ ਛੋਟੇ ਅਤੇ ਰੁਟੀਨ (ਜਿਵੇਂ ਕਿ ਅੰਡਰਗਰਾਊਂਡ ਸਟੋਰੇਜ ਟੈਂਕ ਤੋਂ ਲੀਕ ਨੂੰ ਸਾਫ ਕਰਨਾ) ਤੋਂ ਲੈ ਕੇ ਵੱਡੇ ਅਤੇ ਗੁੰਝਲਦਾਰ ਹੁੰਦੇ ਹਨ, ਜਿਨ੍ਹਾਂ ਲਈ ਇੰਜੀਨੀਅਰਿੰਗ ਹੱਲਾਂ ਦੀ ਲੋੜ ਹੁੰਦੀ ਹੈ।

**ਡੇਟਾ ਸਰੋਤ**

ਸਫਾਈ ਵਾਲੀਆਂ ਸਾਈਟਾਂ, Department of Ecology ਦਾ Geospatial Open Data Portal (ਭੂ-ਸਥਾਨਕ ਓਪਨ ਡੇਟਾ ਪੋਰਟਲ) (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਕਾਉਂਟੀ ਦੀਆਂ ਸੀਮਾਵਾਂ

### ਵੇਰਵਾ

ਇਹ ਓਵਰਲੇਅ ਵਾਸ਼ਿੰਗਟਨ ਵਿੱਚ 2020 US Census (2020 ਦੀ ਅਮਰੀਕੀ ਜਨਗਣਨਾ) ਦੁਆਰਾ ਨਿਰਧਾਰਤ ਕਾਉਂਟੀ ਦੀਆਂ ਸੀਮਾਵਾਂ ਨੂੰ ਦਰਸਾਉਂਦਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ ਇਹ ਲੇਅਰ ਕਬਾਇਲੀ ਸੀਮਾਵਾਂ ਨੂੰ ਨਹੀਂ ਦਰਸਾਉਂਦੀ ਹੈ।

### ਡੇਟਾ ਸਰੋਤ

ਕਾਉਂਟੀ ਦੀਆਂ ਸੀਮਾਵਾਂ, Office of Financial Management

### ਆਖਰੀ ਵਾਰ ਅੱਪਡੇਟ ਕੀਤਾ ਗਿਆ

ਹੋਸਟ ਸੇਵਾ 'ਤੇ ਨਿਰਭਰ

## ਡਰਾਈ ਕਲੀਨਰਜ਼

### ਵੇਰਵਾ

ਇਹ ਓਵਰਲੇਅ ਵਾਸ਼ਿੰਗਟਨ ਰਾਜ ਵਿੱਚ ਮੌਜੂਦਾ ਅਤੇ ਪੁਰਾਣੇ ਡਰਾਈ ਕਲੀਨਰਜ਼ ਦੇ ਸਥਾਨਾਂ ਨੂੰ ਦਰਸਾਉਂਦਾ ਹੈ। ਇਨ੍ਹਾਂ ਸਥਾਨਾਂ ਨੂੰ ਟਰੈਕ ਕਰਨਾ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਡਰਾਈ ਕਲੀਨਿੰਗ ਵਿੱਚ ਵਰਤੇ ਜਾਣ ਵਾਲੇ ਕਲੀਨਰਜ਼ ਵਾਤਾਵਰਣ ਵਿੱਚ ਜ਼ਹਿਰੀਲੇ ਰਸਾਇਣ ਅਤੇ ਵੋਲੇਟਾਈਲ ਆਰਗੈਨਿਕ ਕੰਪਾਉਂਡਸ (VOCs) ਛੱਡ ਸਕਦੇ ਹਨ। VOCs ਉਹ ਗੈਸਾਂ ਹਨ ਜੋ ਕੁਝ ਠੋਸ ਜਾਂ ਤਰਲ ਪਦਾਰਥਾਂ ਤੋਂ ਨਿਕਲਦੀਆਂ ਹਨ। VOCs ਦੀਆਂ ਉਦਾਹਰਨਾਂ ਵਿੱਚ ਰੰਗ, ਸਫਾਈ ਦੇ ਉਤਪਾਦ ਅਤੇ ਨਿਰਮਾਣ ਸਮੱਗਰੀ ਸ਼ਾਮਲ ਹਨ।

### ਡੇਟਾ ਸਰੋਤ

ਡਰਾਈ ਕਲੀਨਰਜ਼, Washington State Geospatial Open Data Portal (ਵਾਸ਼ਿੰਗਟਨ ਰਾਜ ਦੇ ਭੂ-ਸਥਾਨਕ ਓਪਨ ਡੇਟਾ ਪੋਰਟਲ) (ਅੰਗਰੇਜ਼ੀ ਵਿੱਚ)

### ਆਖਰੀ ਵਾਰ ਅੱਪਡੇਟ ਕੀਤਾ ਗਿਆ

ਸਤੰਬਰ 2025

## ਨਿਵੇਸ਼ਕਾਂ ਦੀ ਮਲਕੀਅਤ ਵਾਲੀਆਂ ਬਿਜਲੀ ਸਹੂਲਤਾਂ

### ਵੇਰਵਾ

ਇਹ ਓਵਰਲੇਅ ਵਾਸ਼ਿੰਗਟਨ ਰਾਜ ਵਿੱਚ ਨਿਵੇਸ਼ਕਾਂ ਦੀ ਮਲਕੀਅਤ ਵਾਲੀਆਂ ਸਾਰੀਆਂ ਬਿਜਲੀ ਸਹੂਲਤਾਂ ਦੀਆਂ ਸੀਮਾਵਾਂ ਨੂੰ ਦਰਸਾਉਂਦਾ ਹੈ।

### ਪਿਛੋਕੜ

ਇਹ ਓਵਰਲੇਅ ਬਿਜਲੀ ਸਹੂਲਤਾਂ ਨੂੰ ਉਨ੍ਹਾਂ ਵੱਲੋਂ ਸੇਵਾ ਦਿੱਤੇ ਜਾਣ ਵਾਲੇ ਸਭ ਤੋਂ ਵੱਧ ਪ੍ਰਭਾਵਿਤ ਭਾਈਚਾਰਿਆਂ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ। ਇਹ ਜਾਣਕਾਰੀ 2019 ਦੇ Clean Energy Transformation Act (CETA, ਕਲੀਨ ਐਨਰਜੀ ਟ੍ਰਾਂਸਫਾਰਮੇਸ਼ਨ ਐਕਟ) ਦੇ ਤਹਿਤ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿੱਚ ਸਹਾਇਤਾ ਕਰਦੀ ਹੈ। CETA ਵਿੱਚ DOH ਦੀ ਭੂਮਿਕਾ ਬਾਰੇ ਹੋਰ ਜਾਣਕਾਰੀ ਲਈ, CETA ਵੈੱਬਪੇਜ 'ਤੇ ਜਾਓ।

### ਡੇਟਾ ਸਰੋਤ

ਨਿਵੇਸ਼ਕਾਂ ਦੀ ਮਲਕੀਅਤ ਵਾਲੀਆਂ ਬਿਜਲੀ ਸਹੂਲਤਾਂ, Bonneville Power Administration ਦਾ Open Geospatial Portal (ਓਪਨ ਜਿਓਸਪੇਸ਼ੀਅਲ ਪੋਰਟਲ) (ਅੰਗਰੇਜ਼ੀ ਵਿੱਚ)

### ਆਖਰੀ ਵਾਰ ਅੱਪਡੇਟ ਕੀਤਾ ਗਿਆ

ਹੋਸਟ ਸੇਵਾ 'ਤੇ ਨਿਰਭਰ

## ਸਰਕਾਰੀ ਬਿਜਲੀ ਸਹੂਲਤਾਂ

**ਵੇਰਵਾ**

ਇਹ ਓਵਰਲੇਅ ਵਾਸ਼ਿੰਗਟਨ ਰਾਜ ਵਿੱਚ ਸਾਰੀਆਂ ਸਰਕਾਰੀ ਬਿਜਲੀ ਸਹੂਲਤ ਕੰਪਨੀਆਂ ਦੀਆਂ ਸੀਮਾਵਾਂ ਨੂੰ ਦਰਸਾਉਂਦਾ ਹੈ।

**ਪਿਛੋਕੜ**

ਇਹ ਓਵਰਲੇਅ ਬਿਜਲੀ ਸਹੂਲਤਾਂ ਨੂੰ ਉਨ੍ਹਾਂ ਵੱਲੋਂ ਸੇਵਾ ਦਿੱਤੇ ਜਾਣ ਵਾਲੇ ਸਭ ਤੋਂ ਵੱਧ ਪ੍ਰਭਾਵਿਤ ਭਾਈਚਾਰਿਆਂ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ। ਇਹ ਜਾਣਕਾਰੀ ਉਨ੍ਹਾਂ ਨੂੰ 2019 ਦੇ Clean Energy Transformation Act (CETA) ਦੀ ਪਾਲਣਾ ਕਰਨ ਵਿੱਚ ਸਹਾਇਤਾ ਕਰਦੀ ਹੈ। CETA ਵਿੱਚ DOH ਦੀ ਭੂਮਿਕਾ ਬਾਰੇ ਹੋਰ ਜਾਣਕਾਰੀ ਲਈ, CETA ਵੈੱਬਪੇਜ 'ਤੇ ਜਾਓ।

**ਡੇਟਾ ਸਰੋਤ**

ਬਿਜਲੀ ਸਹੂਲਤਾਂ – ਸਰਕਾਰੀ, Bonneville Power Administration Open Geospatial Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਪੁਰਾਣੀਆਂ ਬਾਗਬਾਨੀ ਵਾਲੀਆਂ ਜ਼ਮੀਨਾਂ

**ਵੇਰਵਾ**

ਇਹ ਓਵਰਲੇਅ ਪੁਰਾਣੀਆਂ ਹਵਾਈ ਤਸਵੀਰਾਂ ਦੇ ਆਧਾਰ 'ਤੇ 5 ਕਾਉਂਟੀਆਂ ਵਿੱਚ ਪੁਰਾਣੇ ਸਮੇਂ ਦੇ ਬਾਗਾਂ ਦੀਆਂ ਸੀਮਾਵਾਂ ਨੂੰ ਦਰਸਾਉਂਦਾ ਹੈ। ਇਨ੍ਹਾਂ ਕਾਉਂਟੀਆਂ ਵਿੱਚ ਬੈਂਟਨ, ਚੇਲਾਨ, ਡਗਲਸ, ਕਲਿੱਕੀਟੈਟ, ਓਕਾਨੋਗਨ ਅਤੇ ਯਾਕੀਮਾ ਸ਼ਾਮਲ ਹਨ।

**ਡੇਟਾ ਸਰੋਤ**

ਪੁਰਾਣੀਆਂ ਬਾਗਬਾਨੀ ਵਾਲੀਆਂ ਜ਼ਮੀਨਾਂ, Department of Ecology Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਅੱਪਡੇਟ ਕਰਨ ਦੀ ਕੋਈ ਯੋਜਨਾ ਨਹੀਂ ਹੈ। ਇਹ ਪੁਰਾਣਾ ਡੇਟਾ ਹੈ, ਜਿਸ ਵਿੱਚ ਭੂਗੋਲਿਕ ਬਦਲਾਅ ਨਹੀਂ ਕੀਤਾ ਗਿਆ ਹੈ।

## ਖ਼ਤਰਨਾਕ ਰਹਿੰਦ-ਖੂੰਹਦ ਵਾਲੀਆਂ ਸਾਈਟਾਂ

**ਵੇਰਵਾ**

ਇਹ ਓਵਰਲੇਅ Department of Ecology ਵੱਲੋਂ ਪਰਿਭਾਸ਼ਿਤ ਕੀਤੀਆਂ ਖ਼ਤਰਨਾਕ ਰਹਿੰਦ-ਖੂੰਹਦ ਪੈਦਾ ਕਰਨ ਵਾਲੀਆਂ ਥਾਵਾਂ ਅਤੇ ਸਹੂਲਤਾਂ ਦੀਆਂ ਸਥਿਤੀਆਂ ਨੂੰ ਦਰਸਾਉਂਦਾ ਹੈ। ਭਾਈਚਾਰੇ ਵੀ ਵਾਧੂ ਸਾਈਟਾਂ ਦੀ ਪਛਾਣ ਕਰਦੇ ਹਨ। ਉਦਯੋਗਿਕ ਨਿਰਮਾਤਾਵਾਂ ਵੱਲੋਂ ਖ਼ਤਰਨਾਕ ਰਹਿੰਦ-ਖੂੰਹਦ ਕਈ ਰੂਪਾਂ ਵਿੱਚ ਆਉਂਦਾ ਹੈ, ਜਿਵੇਂ ਕਿ ਤਰਲ ਪਦਾਰਥ, ਠੋਸ ਪਦਾਰਥ, ਗੈਸਾਂ ਜਾਂ ਚਿੱਕੜ। ਇਸ ਨਾਲ ਨੇੜੇ-ਤੇੜੇ ਰਹਿਣ ਵਾਲੇ ਭਾਈਚਾਰਿਆਂ ਦੀ ਸਿਹਤ 'ਤੇ ਗੰਭੀਰ ਅਸਰ ਪੈ ਸਕਦਾ ਹੈ।

**ਡੇਟਾ ਸਰੋਤ**

ਖ਼ਤਰਨਾਕ ਰਹਿੰਦ-ਖੂੰਹਦ ਵਾਲੀਆਂ ਸਾਈਟਾਂ, Department of Ecology Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਸਤੰਬਰ 2025

## ਪੁਰਾਣੀ ਰੈੱਡਲਾਈਨਿੰਗ

**ਵੇਰਵਾ**

ਇਹ ਓਵਰਲੇਅ Home Owners' Loan Corporation (HOLC) ਦੇ ਨੇਬਰਹੁੱਡ ਰੈਂਕਿੰਗ ਸਿਸਟਮ ਨੂੰ ਦਰਸਾਉਂਦਾ ਹੈ, ਜਿਸਨੂੰ ਆਮ ਤੌਰ 'ਤੇ ਰੈੱਡਲਾਈਨਿੰਗ ਕਿਹਾ ਜਾਂਦਾ ਹੈ। ਗ੍ਰੇਡ A ਤੋਂ D ਤੱਕ ਹੁੰਦੇ ਸਨ ਅਤੇ ਇਹਨਾਂ ਨੂੰ ਰੰਗਾਂ ਨਾਲ ਕੋਡ ਕੀਤਾ ਗਿਆ ਸੀ:

- **A (ਸਭ ਤੋਂ ਵਧੀਆ – ਹਰਾ):** ਆਮ ਤੌਰ 'ਤੇ ਉੱਚ - ਜਾਂ ਉੱਚ-ਮੱਧ-ਵਰਗ ਦੇ ਗੋਰੇ ਭਾਈਚਾਰੇ ਵਾਲੇ ਇਲਾਕੇ। ਇਹਨਾਂ ਇਲਾਕਿਆਂ ਨੂੰ ਬੈਂਕਾਂ ਅਤੇ ਹੋਰ ਮੌਰਗੇਜ ਰਿਣਦਾਤਿਆਂ ਲਈ ਘੱਟ ਜੋਖਮ ਵਾਲੇ ਮੰਨਿਆ ਜਾਂਦਾ ਸੀ ਅਤੇ ਇਨ੍ਹਾਂ ਨੂੰ "ਜਾਤੀ ਤੌਰ 'ਤੇ ਇਕਸਾਰ" ਵਜੋਂ ਦਰਸਾਇਆ ਗਿਆ ਸੀ।
- **B (ਹਾਲੇ ਵੀ ਪਸੰਦੀਦਾ – ਨੀਲਾ):** ਇਹ ਜ਼ਿਆਦਾਤਰ ਗੋਰੇ, ਗੈਰ-ਪ੍ਰਵਾਸੀ ਭਾਈਚਾਰੇ ਵਾਲੇ ਇਲਾਕੇ ਹੁੰਦੇ ਹਨ, ਜਿਨ੍ਹਾਂ ਨੂੰ ਮੌਰਗੇਜ ਰਿਣਦਾਤਿਆਂ ਲਈ ਚੰਗਾ ਨਿਵੇਸ਼ ਮੰਨਿਆ ਜਾਂਦਾ ਸੀ।
- **C (ਗਿਰਾਵਟ ਵੱਲ – ਪੀਲਾ):** ਇਹ ਅਕਸਰ ਮਜ਼ਦੂਰ ਵਰਗ ਵਾਲੇ ਇਲਾਕੇ ਹੁੰਦੇ ਸਨ, ਜਿੱਥੇ ਪੁਰਾਣੇ ਘਰ ਅਤੇ ਸਹੂਲਤਾਂ ਸੀਮਿਤ ਹੁੰਦੀਆਂ ਸਨ। ਇਨ੍ਹਾਂ ਇਲਾਕਿਆਂ ਦੇ ਵਸਨੀਕ ਆਮ ਤੌਰ 'ਤੇ ਪਹਿਲੀ ਜਾਂ ਦੂਜੀ ਪੀੜ੍ਹੀ ਦੇ ਯੂਰਪੀ ਪ੍ਰਵਾਸੀ ਹੁੰਦੇ ਸਨ
- **D (ਖਤਰਨਾਕ – ਲਾਲ):** ਇਹ ਦਰਜਾ ਅਕਸਰ ਜਾਤੀ ਦੇ ਆਧਾਰ 'ਤੇ ਦਿੱਤਾ ਜਾਂਦਾ ਸੀ। ਇਹ ਇਲਾਕੇ ਆਮ ਤੌਰ 'ਤੇ ਘੱਟ ਗਿਣਤੀ ਵਾਲੀ ਆਬਾਦੀ ਦੇ ਹੁੰਦੇ ਸਨ ਅਤੇ ਜ਼ਿਆਦਾਤਰ ਉਦਯੋਗਿਕ ਖੇਤਰਾਂ ਦੇ ਨੇੜੇ ਪੁਰਾਣੇ ਘਰਾਂ ਵਾਲੇ ਹੁੰਦੇ ਸਨ।

ਓਵਰਲੇਜ਼ ਸਪੋਕੇਨ, ਸੀਏਟਲ, ਅਤੇ ਟਾਕੋਮਾ ਲਈ ਉਪਲਬਧ ਹਨ। ਇਹ ਵਾਸ਼ਿੰਗਟਨ ਦੇ ਉਹੀ ਸ਼ਹਿਰ ਸਨ, ਜਿੱਥੇ HOLC ਨੇ ਰੈਂਕਿੰਗ ਤਿਆਰ ਕੀਤੀ ਸੀ।

**ਡੇਟਾ ਸਰੋਤ**

ਪੁਰਾਣੀ ਰੈੱਡਲਾਈਨਿੰਗ, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਸਤੰਬਰ 2025 (ਅੱਪਡੇਟ ਕਰਨ ਦੀ ਕੋਈ ਯੋਜਨਾ ਨਹੀਂ ਹੈ। ਇਹ ਪੁਰਾਣਾ ਡੇਟਾ ਹੈ, ਜਿਸ ਵਿੱਚ ਭੂਗੋਲਿਕ ਬਦਲਾਵਾਂ ਨੂੰ ਅਪਡੇਟ ਨਹੀਂ ਕੀਤਾ ਗਿਆ ਹੈ।)

## ਘਰ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ

**ਵੇਰਵਾ**

ਇਹ ਓਵਰਲੇਅ ਵਾਸ਼ਿੰਗਟਨ ਦੇ ਸਰਕਾਰੀ ਸਕੂਲਾਂ ਵਿੱਚ ਪ੍ਰੀ-ਕੇ ਤੋਂ ਲੈ ਕੇ 12ਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਵੱਲੋਂ ਘਰ ਵਿੱਚ ਬੋਲੀ ਜਾਣ ਵਾਲੀਆਂ ਭਾਸ਼ਾਵਾਂ ਨੂੰ ਦਰਸਾਉਂਦਾ ਹੈ। ਇਹ Office of Superintendent of Public Instruction (OSPI, ਸਰਕਾਰੀ ਸਿੱਖਿਆ ਦੇ ਸੁਪਰਿੰਟੈਂਡੈਂਟ ਦੇ ਦਫ਼ਤਰ) ਦੀ ਸਕੂਲ ਜ਼ਿਲ੍ਹਾ ਡਾਇਰੈਕਟਰੀ ਵਿੱਚ 2024-2025 ਸਕੂਲ ਸਾਲ ਦੀਆਂ ਜ਼ਿਲ੍ਹਾ ਸੀਮਾਵਾਂ 'ਤੇ ਆਧਾਰਿਤ ਹੈ। ਇਸ ਵਿੱਚ ਸਾਰੇ 295 ਸਰਕਾਰੀ ਸਕੂਲ ਜ਼ਿਲ੍ਹੇ, ਨਾਲ ਹੀ ਚਾਰਟਰ ਜ਼ਿਲ੍ਹੇ ਅਤੇ ਕਬਾਇਲੀ ਸਮਝੌਤੇ ਸ਼ਾਮਲ ਹਨ।

**ਡੇਟਾ ਸਰੋਤ**

ਘਰ ਵਿੱਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਸਤੰਬਰ 2025

## ਵਿਧਾਨ ਸਭਾ ਜ਼ਿਲ੍ਹੇ

**ਵੇਰਵਾ**

ਇਹ ਓਵਰਲੇਅ ਵਾਸ਼ਿੰਗਟਨ ਰਾਜ ਦੇ ਵਿਧਾਨ ਸਭਾ ਜ਼ਿਲ੍ਹਿਆਂ ਨੂੰ Revised Code of Washington (RCW, ਵਾਸ਼ਿੰਗਟਨ ਦੇ ਸੋਧੇ ਕੋਡ) 44.05 ਵੱਲੋਂ ਪਰਿਭਾਸ਼ਿਤ ਕੀਤੇ ਅਨੁਸਾਰ ਦਰਸਾਉਂਦਾ ਹੈ।

**ਡੇਟਾ ਸਰੋਤ**

ਵਿਧਾਨ ਸਭਾ ਜ਼ਿਲ੍ਹੇ, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਲਾਇਸੈਂਸ ਪ੍ਰਾਪਤ ਬੱਚਿਆਂ ਦੀ ਦੇਖਭਾਲ ਵਾਲੇ ਕੇਂਦਰ

**ਵੇਰਵਾ**

ਇਹ ਓਵਰਲੇਅ Department of Children, Youth, and Families (DCYF, ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਦੇ ਵਿਭਾਗ) ਵੱਲੋਂ ਲਾਇਸੈਂਸ ਪ੍ਰਾਪਤ ਸਾਰੇ ਕੇਂਦਰ-ਆਧਾਰਿਤ ਬੱਚਿਆਂ ਦੀ ਦੇਖਭਾਲ ਵਾਲੇ ਕੇਂਦਰ ਨੂੰ ਦਰਸਾਉਂਦਾ ਹੈ।

**ਡੇਟਾ ਸਰੋਤ**

ਲਾਇਸੈਂਸ ਪ੍ਰਾਪਤ ਬੱਚਿਆਂ ਦੀ ਦੇਖਭਾਲ ਵਾਲੇ ਕੇਂਦਰ, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਸਤੰਬਰ 2025

## ਲੰਬੇ ਸਮੇਂ ਦੀ ਦੇਖਭਾਲ – ਨਰਸਿੰਗ ਹੋਮਜ਼

**ਵੇਰਵਾ**

ਇਹ ਓਵਰਲੇਅ Department of Social and Health Services (ਸਮਾਜਿਕ ਅਤੇ ਸਿਹਤ ਸੰਬੰਧੀ ਸੇਵਾਵਾਂ ਵਿਭਾਗ) ਵੱਲੋਂ ਲਾਇਸੈਂਸ ਪ੍ਰਾਪਤ ਲੰਬੇ ਸਮੇਂ ਦੀ ਦੇਖਭਾਲ ਵਾਲੇ ਨਰਸਿੰਗ ਹੋਮਜ਼ ਦੇ ਸਥਾਨਾਂ ਨੂੰ ਦਰਸਾਉਂਦਾ ਹੈ। ਇਸ ਵਿੱਚ ਬੌਧਿਕ ਅਪਾਹਜਤਾ ਵਾਲੇ ਵਿਅਕਤੀਆਂ ਲਈ ਮੱਧਵਰਗੀ ਦੇਖਭਾਲ ਸਹੂਲਤਾਂ ਸ਼ਾਮਲ ਹਨ।

**ਡੇਟਾ ਸਰੋਤ**

ਲੰਬੇ ਸਮੇਂ ਦੀ ਦੇਖਭਾਲ – ਨਰਸਿੰਗ ਹੋਮਜ਼, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਲੰਬੇ ਸਮੇਂ ਦੀ ਦੇਖਭਾਲ - ਰਿਹਾਇਸ਼ੀ ਦੇਖਭਾਲ

**ਵੇਰਵਾ**

ਇਹ ਓਵਰਲੇਅ Department of Social and Health Services ਵੱਲੋਂ ਲਾਇਸੈਂਸ ਪ੍ਰਾਪਤ ਲੰਬੇ ਸਮੇਂ ਦੀ ਦੇਖਭਾਲ ਵਾਲੀਆਂ ਸਹੂਲਤਾਂ ਨੂੰ ਦਰਸਾਉਂਦਾ ਹੈ। ਇਸ ਵਿੱਚ ਵੱਡੇ ਉਮਰ ਦੇ ਵਿਅਕਤੀਆਂ ਲਈ ਪਰਿਵਾਰਕ ਘਰ, ਸਹਾਇਤਾ ਪ੍ਰਾਪਤ ਰਹਿਣ ਦੀਆਂ ਸਹੂਲਤਾਂ ਅਤੇ ਵਧੇਰੇ ਸੇਵਾਵਾਂ ਵਾਲੀਆਂ ਸਹੂਲਤਾਂ ਸ਼ਾਮਲ ਹਨ।

**ਡੇਟਾ ਸਰੋਤ**

ਲੰਬੇ ਸਮੇਂ ਦੀ ਦੇਖਭਾਲ - ਰਿਹਾਇਸ਼ੀ ਦੇਖਭਾਲ, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਓਜ਼ੋਨ ਦਾ ਸਾਲਾਨਾ ਸਭ ਤੋਂ ਵੱਧ ਗਾੜ੍ਹਾਪਣ

**ਵੇਰਵਾ**

ਇਹ ਓਵਰਲੇਅ 5 ਕਿਲੋਮੀਟਰ ਦੇ ਗ੍ਰਿਡ ਸੈੱਲ ਦੇ ਅਨੁਮਾਨਾਂ ਨੂੰ ਦਰਸਾਉਂਦਾ ਹੈ, ਜੋ ਸਾਲਾਨਾ ਓਜ਼ੋਨ ਡਿਜ਼ਾਇਨ ਮੁੱਲ ਦੇ ਚੌਥੇ ਸਭ ਤੋਂ ਉੱਚੇ ਮੁੱਲ 'ਤੇ ਆਧਾਰਿਤ ਹਨ। ਇਹ ਮਾਪ ਪ੍ਰਤੀ ਬਿਲੀਅਨ ਹਿੱਸਿਆਂ (ppb) ਵਿੱਚ ਕੀਤਾ ਜਾਂਦਾ ਹੈ।

**ਡੇਟਾ ਸਰੋਤ**

ਓਜ਼ੋਨ ਦਾ ਸਾਲਾਨਾ ਸਭ ਤੋਂ ਵੱਧ ਗਾੜ੍ਹਾਪਣ, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਸਤੰਬਰ 2025

## PM2.5 ਸਾਲਾਨਾ ਗਾੜ੍ਹਾਪਣ

**ਵੇਰਵਾ**

ਇਹ ਓਵਰਲੇਅ 5 ਕਿਲੋਮੀਟਰ ਦੇ ਗ੍ਰਿਡ ਸੈੱਲ ਦੇ ਅਨੁਮਾਨਾਂ ਨੂੰ ਦਰਸਾਉਂਦਾ ਹੈ, ਜੋ ਸਾਲਾਨਾ PM2.5 ਡਿਜ਼ਾਇਨ ਮੁੱਲ (µg/m3) 'ਤੇ ਆਧਾਰਿਤ ਹੈ, ਜਿਸ ਵਿੱਚ ਜੰਗਲਾਂ ਦੀ ਅੱਗ ਨਾਲ ਪ੍ਰਭਾਵਿਤ ਦਿਨਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ।

**ਡੇਟਾ ਸਰੋਤ**

PM2.5 ਸਾਲਾਨਾ ਗਾੜ੍ਹਾਪਣ, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਸਤੰਬਰ 2025

## PM2.5 ਰੋਜ਼ਾਨਾ ਗਾੜ੍ਹਾਪਣ

**ਵੇਰਵਾ**

ਇਹ ਓਵਰਲੇਅ 5 ਕਿਲੋਮੀਟਰ ਦੇ ਗ੍ਰਿਡ ਸੈੱਲ ਦੇ ਅਨੁਮਾਨਾਂ ਨੂੰ ਦਰਸਾਉਂਦਾ ਹੈ, ਜੋ 24-ਘੰਟੇ ਦੇ PM2.5 ਡਿਜ਼ਾਇਨ ਮੁੱਲ (µg/m3) 'ਤੇ ਆਧਾਰਿਤ ਹਨ, ਜਿਸ ਵਿੱਚ ਜੰਗਲਾਂ ਦੀ ਅੱਗ ਨਾਲ ਪ੍ਰਭਾਵਿਤ ਦਿਨਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ ਹੈ।

**ਡੇਟਾ ਸਰੋਤ**

PM2.5 ਰੋਜ਼ਾਨਾ ਗਾੜ੍ਹਾਪਣ, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਸਤੰਬਰ 2025

## ਰੇਲਮਾਰਗ

**ਵੇਰਵਾ**

ਇਹ ਓਵਰਲੇਅ ਵਾਸ਼ਿੰਗਟਨ ਰਾਜ ਭਰ ਵਿੱਚ ਮੁੱਖ ਰੇਲ ਲਾਈਨਾਂ ਨੂੰ ਦਰਸਾਉਂਦਾ ਹੈ।

**ਡੇਟਾ ਸਰੋਤ**

ਰੇਲ ਪਟੜੀਆਂ, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਸੁਪਰਫੰਡ ਸਾਈਟਾਂ

**ਵੇਰਵਾ**

ਇਹ ਓਵਰਲੇਅ ਸੁਪਰਫੰਡ (ਰਾਸ਼ਟਰੀ ਤਰਜੀਹਾਂ ਦੀ ਸੂਚੀ) ਸਾਈਟਾਂ ਦੀ ਪਛਾਣ ਕਰਦਾ ਹੈ। ਸੁਪਰਫੰਡ ਸਾਈਟਾਂ ਉਹ ਖੇਤਰ ਹੁੰਦੇ ਹਨ, ਜਿੱਥੇ ਪੁਰਾਣੇ ਸਮੇਂ ਤੋਂ ਖ਼ਤਰਨਾਕ ਰਹਿੰਦ-ਖੂੰਹਦ ਨੂੰ ਡੰਪ ਕੀਤਾ ਜਾਂ ਸੁੱਟਿਆ ਜਾਂਦਾ ਰਿਹਾ ਹੈ। ਇਨ੍ਹਾਂ ਵਿੱਚ ਅਕਸਰ ਖਾਣਾਂ ਵਾਲੇ ਖੇਤਰ, ਨਿਰਮਾਣ ਸਥਾਨ, ਪ੍ਰੋਸੈਸਿੰਗ ਸਹੂਲਤਾਂ ਅਤੇ ਕੂੜੇ ਦੇ ਢੇਰ ਸ਼ਾਮਲ ਹੁੰਦੇ ਹਨ। EPA ਦੇ Superfund (ਸੁਪਰਫੰਡ) ਪ੍ਰੋਗਰਾਮ ਰਾਹੀਂ ਸਫਾਈ ਦੇ ਯਤਨ ਜਾਰੀ ਹਨ।

**ਡੇਟਾ ਸਰੋਤ**

ਸੁਪਰਫੰਡ ਸਾਈਟਾਂ, Department of Ecology Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਟਾਕੋਮਾ ਸਮੈਲਟਰ ਪਲੂਮ

**ਵੇਰਵਾ**

ਇਹ ਓਵਰਲੇਅ ਟਾਕੋਮਾ ਸਮੈਲਟਰ ਪਲੂਮ ਨਾਲ ਪ੍ਰਦੂਸ਼ਿਤ ਖੇਤਰ ਨੂੰ ਦਰਸਾਉਂਦਾ ਹੈ। Asarco Company ਟਾਕੋਮਾ ਵਿੱਚ ਲਗਭਗ ਇੱਕ ਸਦੀ ਤੱਕ ਤਾਂਬਾ ਪਿਘਲਾਉਣ ਵਾਲਾ ਕਾਰਖਾਨਾ ਚਲਾਉਂਦੀ ਰਹੀ। ਹਵਾ ਰਾਹੀਂ ਪੈਦਾ ਹੋਣ ਵਾਲੇ ਪ੍ਰਦੂਸ਼ਕ ਪੁਗੇਟ ਸਾਊਂਡ ਬੇਸਿਨ ਦੇ 1,000 ਵਰਗ ਮੀਲ ਤੋਂ ਵੱਧ ਖੇਤਰ ਵਿੱਚ ਜਮ ਗਏ। ਮਿੱਟੀ ਵਿੱਚ ਆਰਸੈਨਿਕ, ਲੈੱਡ ਅਤੇ ਹੋਰ ਭਾਰੀ ਧਾਤਾਂ ਅਜੇ ਵੀ ਮੌਜੂਦ ਹਨ। ਟਾਕੋਮਾ ਲਈ ਵਾਧੂ ਸਥਾਨਿਕ ਡੇਟਾ Tacoma Maps Portal (ਟਾਕੋਮਾ ਮੈਪਸ ਪੋਰਟਲ) 'ਤੇ ਉਪਲਬਧ ਹੈ।

**ਡੇਟਾ ਸਰੋਤ**

ਟਾਕੋਮਾ ਸਮੈਲਟਰ ਪਲੂਮ, Washington Department of Ecology (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਅਸਥਾਈ ਕਰਮਚਾਰੀ ਰਿਹਾਇਸ਼

**ਵੇਰਵਾ**

ਇਹ ਓਵਰਲੇਅ Department of Health ਵੱਲੋਂ ਨਿਯੰਤਰਿਤ ਅਸਥਾਈ ਕਰਮਚਾਰੀਆਂ ਦੇ ਰਹਿਣ ਵਾਲੇ ਸਥਾਨ ਨੂੰ ਦਰਸਾਉਂਦਾ ਹੈ।

**ਡੇਟਾ ਸਰੋਤ**

ਅਸਥਾਈ ਕਰਮਚਾਰੀ ਰਿਹਾਇਸ਼, Washington State Geospatial Open Data Portal (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਆਵਾਜਾਈ ਦਾ ਸ਼ੋਰ

**ਵੇਰਵਾ**

ਇਹ ਓਵਰਲੇਅ 2020 ਤੋਂ ਆਵਾਜਾਈ ਦੇ ਸ਼ੋਰ ਦੇ ਪੱਧਰਾਂ ਨੂੰ ਦਰਸਾਉਂਦਾ ਹੈ। ਇਸ ਵਿੱਚ ਸੜਕ, ਮਾਲ-ਢੁਆਈ ਅਤੇ ਯਾਤਰੀ ਰੇਲ ਅਤੇ ਹਵਾਈ ਆਵਾਜਾਈ ਦੇ ਸਰੋਤ ਸ਼ਾਮਲ ਹਨ।

**ਡੇਟਾ ਸਰੋਤ**

ਆਵਾਜਾਈ ਦਾ ਸ਼ੋਰ, Bureau of Transportation Statistics (ਬਿਊਰੋ ਆਫ਼ ਟ੍ਰਾਂਸਪੋਰਟੇਸ਼ਨ ਸਟੈਟਿਸਟਿਕਸ) (ਅੰਗਰੇਜ਼ੀ ਵਿੱਚ)

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਹੋਸਟ ਸੇਵਾ 'ਤੇ ਨਿਰਭਰ

## ਕਬਾਇਲੀ ਜਨਗਣਨਾ ਖੇਤਰ

**ਵੇਰਵਾ**

ਇਹ ਓਵਰਲੇਅ 2020 ਦੀ ਜਨਗਣਨਾ ਦੇ ਖੇਤਰਾਂ ਨੂੰ ਦਰਸਾਉਂਦਾ ਹੈ। ਇਹਨਾਂ ਵਿੱਚ ਉਹ ਕਬਾਇਲੀ ਜ਼ਮੀਨਾਂ ਸ਼ਾਮਲ ਹਨ, ਜਿਨ੍ਹਾਂ ਦੀ ਪਰਿਭਾਸ਼ਾ ਕਬਾਇਲੀ ਜ਼ਮੀਨ ਦੀਆਂ ਸੀਮਾਵਾਂ ਦੀ ਲੇਅਰ ਦੁਆਰਾ ਕੀਤੀ ਗਈ ਹੈ।

**ਡੇਟਾ ਸਰੋਤ**

ਕਬਾਇਲੀ ਜ਼ਮੀਨ ਦੀਆਂ ਸੀਮਾਵਾਂ, Department of Ecology Geospatial Open Data Portal (ਅੰਗਰੇਜ਼ੀ ਵਿੱਚ)
ਜਨਗਣਨਾ ਭੂਗੋਲਿਕ ਫਾਈਲਾਂ, Office of Financial Management

**ਆਖਰੀ ਵਾਰ ਅੱਪਡੇਟ ਕੀਤਾ ਗਿਆ**

ਲੋੜ ਅਨੁਸਾਰ

## ਕਬਾਇਲੀ ਸਿਹਤ ਸੇਵਾਵਾਂ

### ਵੇਰਵਾ

ਇਹ ਓਵਰਲੇਅ ਕਬਾਇਲੀ ਸਿਹਤ ਸਹੂਲਤਾਂ ਦੇ ਸਥਾਨਾਂ ਨੂੰ ਦਰਸਾਉਂਦਾ ਹੈ। ਇਸ ਵਿੱਚ ਹਸਪਤਾਲ, ਦੰਦਾਂ ਦੇ ਕਲੀਨਿਕ, ਵਿਵਹਾਰ ਸੰਬੰਧੀ ਸਿਹਤ ਕੇਂਦਰ ਅਤੇ ਸਿਹਤ ਕਲੀਨਿਕ ਸ਼ਾਮਲ ਹਨ।

### ਡੇਟਾ ਸਰੋਤ

ਕਬਾਇਲੀ ਸਿਹਤ ਕੇਂਦਰ, Indian Health Services (ਭਾਰਤੀ ਸਿਹਤ ਸੇਵਾਵਾਂ) (ਅੰਗਰੇਜ਼ੀ ਵਿੱਚ)

### ਆਖਰੀ ਵਾਰ ਅੱਪਡੇਟ ਕੀਤਾ ਗਿਆ

ਹੋਸਟ ਸੇਵਾ 'ਤੇ ਨਿਰਭਰ

## ਕਬਾਇਲੀ ਜ਼ਮੀਨ ਦੀਆਂ ਸੀਮਾਵਾਂ

### ਵੇਰਵਾ

ਇਹ ਓਵਰਲੇਅ ਕਬਾਇਲੀ ਜ਼ਮੀਨਾਂ ਦੀਆਂ 3 ਸ਼੍ਰੇਣੀਆਂ ਨੂੰ ਦਰਸਾਉਂਦਾ ਹੈ:

- **ਰਾਖਵੇਂ ਖੇਤਰ:** ਅਧਿਕਾਰਤ ਤੌਰ 'ਤੇ ਮਾਨਤਾ ਪ੍ਰਾਪਤ ਜ਼ਮੀਨਾਂ (U.S Bureau of Indian Affairs (ਭਾਰਤੀ ਮਾਮਲਿਆਂ ਦਾ ਅਮਰੀਕੀ ਬਿਊਰੋ))
- **ਵਿਵਾਦਿਤ ਜ਼ਮੀਨਾਂ:** ਉਹ ਖੇਤਰ ਜਿਨ੍ਹਾਂ ਨੂੰ ਕੁਝ ਸੰਸਥਾਵਾਂ ਵੱਲੋਂ ਰਿਜ਼ਰਵੇਸ਼ਨ ਦਾ ਹਿੱਸਾ ਮੰਨਿਆ ਜਾਂਦਾ ਹੈ, ਪਰ ਜਿਨ੍ਹਾਂ ਦੀ ਮਲਕੀਅਤ ਬਾਰੇ ਹੋਰ ਧਿਰਾਂ (U.S Government (ਅਮਰੀਕੀ ਸਰਕਾਰ)) ਵੱਲੋਂ ਵਿਵਾਦ ਹੈ
- **ਰਿਜ਼ਰਵੇਸ਼ਨ ਤੋਂ ਬਾਹਰ ਦੀਆਂ ਕਬਾਇਲੀ ਜ਼ਮੀਨਾਂ:** ਰਿਜ਼ਰਵੇਸ਼ਨ ਦੀਆਂ ਸੀਮਾਵਾਂ ਤੋਂ ਬਾਹਰ ਕਬਾਇਲੀ ਵਰਤੋਂ ਲਈ ਪ੍ਰਾਪਤ ਕੀਤੀਆਂ ਜਾਂ ਟਰੱਸਟ ਵਿੱਚ ਰੱਖੀਆਂ ਗਈਆਂ ਜ਼ਮੀਨਾਂ (ਕਾਉਂਟੀ ਪਾਰਸਲ ਲੇਅਰਜ਼)

### ਡੇਟਾ ਸਰੋਤ

ਕਬਾਇਲੀ ਜ਼ਮੀਨ ਦੀਆਂ ਸੀਮਾਵਾਂ, Department of Ecology Geospatial Open Data Portal (ਅੰਗਰੇਜ਼ੀ ਵਿੱਚ)

### ਆਖਰੀ ਵਾਰ ਅੱਪਡੇਟ ਕੀਤਾ ਗਿਆ

ਹੋਸਟ ਸੇਵਾ 'ਤੇ ਨਿਰਭਰ

## ਜਲਗ੍ਰਹਿ ਸੀਮਾਵਾਂ

### ਵੇਰਵਾ

ਜਲਗ੍ਰਹਿ ਸੀਮਾਵਾਂ ਉਹ ਜ਼ਮੀਨੀ ਖੇਤਰ ਹੁੰਦੇ ਹਨ, ਜਿੱਥੇ ਸਾਰੀ ਵਰਖਾ (ਜਾਂ ਪਾਣੀ) ਇੱਕ ਸਾਂਝੇ ਬਿੰਦੂ ਵੱਲ ਵਗਦੀ ਹੈ, ਜਿਵੇਂ ਕਿ ਦਰਿਆ, ਛੋਟੀ ਨਦੀ ਜਾਂ ਝੀਲ। ਇਹ ਓਵਰਲੇਅ ਵਾਸ਼ਿੰਗਟਨ ਰਾਜ ਲਈ ਜਲਗ੍ਰਹਿ ਸੀਮਾਵਾਂ ਨੂੰ ਦਰਸਾਉਂਦਾ ਹੈ।

### ਡੇਟਾ ਸਰੋਤ

ਜਲਗ੍ਰਹਿ ਸੀਮਾਵਾਂ, Department of Ecology Geospatial Open Data Portal (ਅੰਗਰੇਜ਼ੀ ਵਿੱਚ)

### ਆਖਰੀ ਵਾਰ ਅੱਪਡੇਟ ਕੀਤਾ ਗਿਆ

ਹੋਸਟ ਸੇਵਾ 'ਤੇ ਨਿਰਭਰ

### ਹੋਰ ਜਾਣਕਾਰੀ ਲਈ

EHD ਨਕਸ਼ੇ ਦੀ ਅੱਪਡੇਟ ਪ੍ਰਕਿਰਿਆ ਅਤੇ ਵਿਸਥਾਰਪੂਰਵਕ ਤਰੀਕਿਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ EHD ਨਕਸ਼ੇ ਦੀ ਰਿਪੋਰਟ (ਅੰਗਰੇਜ਼ੀ ਵਿੱਚ) ਨੂੰ ਵੇਖੋ।

### ਸਾਡੇ ਨਾਲ ਸੰਪਰਕ ਕਰੋ

ਸਵਾਲਾਂ ਜਾਂ ਹੋਰ ਜਾਣਕਾਰੀ ਲਈ, EHDMap@doh.wa.gov 'ਤੇ ਈਮੇਲ ਕਰੋ।

Washington State Department of HEALTH

**DOH 334-528 February 2026 CS Punjabi**

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।